ਸ.ਫ਼ਾ 1 ਦੀਆਂ ਬਾਕੀਆਂ

ਸ਼ਾਰਦੰਡ ਸਰਕਾਰ ਨੇ ਵਿਦਿਆਰਥੀਆਂ ਦੀਆਂ 98 ਫ਼ੀ ਸਦੀ ਮੰਗਾਂ ਮੰਨੀਆਂ

ਫਾਸਟ-ਟਰੈਕ ਅਦਾਲਤ ਬਣਾਈ ਜਾਵੇਗੀ।" ਉਚੇਰੀ ਸਿੱਖਿਆ ਮੰਤਰੀ ਸੁਦਿਵਿਆ ਕੁਮਾਰ ਨੇ ਪ੍ਰਦਰਸ਼ਨ ਜਾਰੀ ਰਹਿਣ 'ਤੇ ਨਿਰਾਸ਼ਾ ਪ੍ਰਗਟ ਕਰਦਿਆਂ ਕਿਹਾ, "ਇਹ ਬਹੁਤ ਹੀ ਅਫਸੋਸਜਨਕ ਹੈ ਕਿ ਵਿਦਿਆਰਥੀ ਅੰਦੋਲਨ ਵਾਪਸ ਲੈਣ ਲਈ ਤਿਆਰ ਨਹੀਂ ਹਨ, ਜਦਕਿ ਅਸੀਂ ਉਨ੍ਹਾਂ ਦੀਆਂ ਜ਼ਿਆਦਾਤਰ ਮੰਗਾਂ ਮੰਨ ਲਈਆਂ ਹਨ।" ਉਨ੍ਹਾਂ ਅੱਗੇ ਕਿਹਾ, "ਕਿਸੇ ਵੀ ਦੋਸ਼ੀ ਨੂੰ ਬਖਾਉਣ ਦਾ ਸਾਡਾ ਕੋਈ ਇਰਾਦਾ ਨਹੀਂ ਹੈ। ਅਸੀਂ ਸਾਰੀਆਂ ਜਾਂਚਾਂ ਲਈ ਤਿਆਰ ਹਾਂ। ਅਸੀਂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਅੰਦੋਲਨ ਛੱਡ ਕੇ ਗੱਲਬਾਤ ਦਾ ਰਾਹ ਅਪਣਾਉਣ।" (ਪੀ.ਟੀ.ਆਈ.)

ਤੁਰਕੀ ਦੀ ਸੱਭ ਤੋਂ ਉਚੀ ਚੋਟੀ 'ਮਾਊਂਟ ਅਰਾਰਤ' ਕੀਤੀ ਫ਼ਤਿਹ

ਕਰਨਾ ਚਾਹੀਦਾ ਹੈ। ਤੁਹਾਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਮਜ਼ਬੂਤ ਹੋਣਾ ਪੈਂਦਾ ਹੈ। ਮੇਰੇ ਪਿਤਾ ਅਤੇ ਪ੍ਰਵਾਰ ਨੇ ਮੇਰੀ ਹਮੇਸ਼ਾ ਪੂਰੀ ਹਮਾਇਤ ਕੀਤੀ ਹੈ। ਸਾਨਵੀ ਦੀ ਪਿਤਾ ਦੀਪਕ ਸੂਦ ਨੇ ਦਸਿਆ ਕਿ ਇਹ ਯਾਤਰਾ ਪੰਜ ਦਿਨਾਂ ਦੀ ਸੀ, ਪਰ ਮੌਸਮ ਖ਼ਰਾਬ ਹੋਣ ਦੇ ਅਨੁਮਾਨ ਕਾਰਨ ਉਨ੍ਹਾਂ ਨੇ ਅਪਣਾ ਮਿਸ਼ਨ ਚਾਰ ਦਿਨਾਂ ਵਿਚ ਹੀ ਪੂਰਾ ਕਰ ਲਿਆ। ਉਨ੍ਹਾਂ ਕਿਹਾ ਕਿ ਇਹ ਇਕ ਗਲੋਸ਼ੀਅਲ ਪਹਾੜੀ ਸੀ, ਜਿਥੇ ਕਈ ਤਜਰਬੇਕਾਰ ਪਰਬਤਾਰੋਹੀ ਵੀ ਉੱਚੀ ਚੜ੍ਹਾਈ ਕਾਰਨ ਬਿਮਾਰ ਹੋ ਕੇ ਵਾਪਸ ਮੁੜ ਗਏ ਸਨ। ਪਰ ਸਾਨਵੀ ਦੀ ਸਾਕਾਰਾਤਮਕਤਾ ਨੇ ਮੈਨੂੰ ਵੀ ਹਿੰਮਤ ਦਿਤੀ। ਅਮਰੀਕਾ ਦੇ ਕੁੱਝ ਪਰਬਤਾਰੋਹੀ ਸਾਨਵੀ ਦੇ ਜਜ਼ਬੇ ਨੂੰ ਦੇਖ ਕੇ ਬਹੁਤ ਪ੍ਰਭਾਵਤ ਹੋਏ ਅਤੇ ਉਨ੍ਹਾਂ ਨੇ ਕਿਹਾ ਕਿ ਭਾਰਤੀ ਬਹੁਤ ਮਜ਼ਬੂਤ ਹੁੰਦੇ ਨੇ। ਜ਼ਿਕਰਯੋਗ ਹੈ ਕਿ ਸਾਨਵੀ ਸੂਦ ਇਸ ਤੋਂ ਪਹਿਲਾਂ ਵੀ ਕਈ ਵੱਡੇ ਰੀਕਾਰਡ ਅਪਣੇ ਨਾਂ ਕਰ ਚੁਕੀ ਹੈ। ਉਹ ਮਾਊਂਟ ਐਵਰੈਸਟ ਬੇਸ ਕੈਂਪ (7 ਸਾਲ ਦੀ ਉਮਰ ਵਿਚ), ਅਫ਼ਰੀਕਾ ਦੀ 'ਮਾਊਂਟ ਕਿਲੀਮੰਜਾਰੋ', ਰੂਸ ਦੀ 'ਮਾਊਂਟ ਐਲਬਰਸ', ਅਾਸਟ੍ਰੇਲੀਆ ਦੀ 'ਮਾਊਂਟ ਕੋਸ਼ੀਅਸਕੋ', ਇਰਾਨ ਦੀ 'ਮਾਊਂਟ ਦਾਮਾਵੰਦ' ਅਤੇ ਮਲੇਸ਼ੀਆ ਦੀ 'ਮਾਊਂਟ ਕਿਨਾਬਾਲੂ' ਚੋਟੀ ਨੂੰ ਵੀ ਫ਼ਤਿਹ ਕਰ ਚੁਕੀ ਹੈ। ਸਾਨਵੀ ਦੀ ਇਸ ਪ੍ਰਾਪਤੀ ਨਾਲ ਪੂਰੇ ਪੰਜਾਬ ਅਤੇ ਦੇਸ਼ ਵਿਚ ਖੁਸ਼ੀ ਦੀ ਲਹਿਰ ਹੈ।

ਲੰਬੀ ਉਡੀਕ ਉਪਰੰਤ ਲੱਗੀ ਮੀਂਹ ਦੀ ਝੜੀ ਨੇ ਕਿਸਾਨ ਕੀਤੇ ਖ਼ੁਸ਼

ਸਦਦੀ ਹੈ ਅਤੇ ਇੰਨਾਂ ਨੂੰ ਪੱਤਾ ਲਪੇਟ ਤੋਂ ਸਪਰੇ ਕਰਨ ਦੀ ਜ਼ਰੂਰਤ ਨਹੀਂ ਪਵੇਗੀ। ਮੀਂਹ ਨਾਲ ਝੋਨਾ ਅਤੇ ਨਰਮੇ ਦੀ ਫ਼ਸਲ ਪਹਿਲਾਂ ਨਾਲੋਂ ਤਾਕਤਵਰ ਹੋ ਕੇ ਸਾਹਮਣੇ ਆਵੇਗੀ। ਕਰੀਬ 70 ਤੋਂ 80 ਦਿਨਾਂ ਉਪਰੰਤ ਅਗੇਤੰਡ ਝੋਨੇ ਦਾ ਨਾਲਾ ਜੋ ਕਿ ਆਉਣ ਵਾਲੇ ਦਿਨਾਂ ਵਿਚ ਸ਼ੁਰੂ ਹੋਵੇਗਾ, ਨੂੰ ਵੀ ਇਸ ਮੀਂਹ ਦਾ ਭਾਰੀ ਲਾਭ ਹੋਣ ਦੀ ਉਮੀਦ ਬੰਝੀ ਹੈ। ਉਕਤ ਜ਼ਿਲ੍ਹਿਆਂ ਵਿਚ ਲੋੜ ਸਮੇਂ ਲੰਗੀ ਝੜੀ ਨਾਲ ਝੋਨੇ, ਬਾਸਮਤੀ ਤੇ ਨਰਮੇ ਦੀ ਫ਼ਸਲ ਚੰਗੀ ਹੋਣ ਦੀ ਉਮੀਦ ਕੀਤੀ ਜਾ ਸਕਦੀ ਹੈ।

ਵਧ ਸਕਦੀਆਂ ਨੇ ਖਾਣ-ਪੀਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ

ਤੁਸੀਂ ਸ਼ਾਇਦ ਹੋਰ 1.5-2 ਪ੍ਰਤੀਸ਼ਤ ਦਾ ਵਾਧਾ ਦੇਖਦੋ।" ਉਨ੍ਹਾਂ ਅੱਗੇ ਕਿਹਾ, "ਮੰਗ ਦਾ ਮਾਹੌਲ ਮਜ਼ਬੂਤ ਹੈ ਅਤੇ ਭੁਝਾਨ ਚੰਗਾ ਵਿਖਾ ਈ ਦੇ ਰਿਹਾ ਹੈ।" ਗੋਦਰੇਜ ਕੰਜ਼ਿਊਮਰ ਪ੍ਰੋਡਕਟਸ ਲਿਮਟਿਡ (ਜੀ.ਸੀ.ਪੀ.ਐਲ.) ਦੇ ਸੀ.ਈ.ਓ. ਸੁਧੀਰ ਸੀਤਾਪੁਰਤੀ ਨੇ ਦਸਿਆ ਕਿ ਉਨ੍ਹਾਂ ਦੀਆਂ ਜ਼ਿਆਦਾਤਰ ਲਾਗਤਾਂ ਕੱਚੇ ਤੇਲ ਨਾਲ ਜੁੜੀਆਂ ਹੋਈਆਂ ਹਨ। ਉਨ੍ਹਾਂ ਕਿਹਾ, "ਸਾਨੂੰ ਸਾਲ ਦੇ ਦੂਜੇ ਅੱਧ ਵਿਚ ਵੀ ਇਸੇ ਤਰ੍ਹਾਂ ਦਾ ਕੀਮਤ ਵਾਧਾ ਵੇਖਣ ਨੂੰ ਮਿਲ ਸਕਦਾ ਹੈ।" ਡਾਬਰ ਇੰਡੀਆ ਦੇ ਆਲਮੀ ਸੀ.ਈ.ਓ. ਮੋਹਿਤ ਮਲਹੋਤਰਾ ਨੇ ਦਸਿਆ, "ਮਹਿਗਾਈ ਦੇ ਕਾਰਨ, ਸਾਨੂੰ ਇਸ ਦਾ ਬੋਝ ਗਾਹਕਾਂ ਉਤੇ ਪਾਉਣਾ ਪਿਆ। ਕੀਮਤ ਅਤੇ ਮੁੱਲ ਦਾ ਵਾਧਾ ਵੱਲਿਊਮ ਵਾਧੇ ਨਾਲੋਂ ਵੱਧ ਹੋ ਰਿਹਾ ਹੈ। ਮਹਿਗਾਈ ਬਹੁਤ ਜ਼ਿਮੀਦਾਰ ਤੋਂ ਕਾਰਨ ਵੱਲਿਊਮ ਉਤੇ ਦਬਾਅ ਰਹੇਗਾ।" ਇਸੇ ਤਰ੍ਹਾਂ ਹਿਊਸਤਾਨ ਯੂਨੀਲੀਵਰ ਲਿਮਟਿਡ (ਐਚ.ਯੂ.ਐਲ.) ਦੀ ਸੀ.ਈ.ਓ. ਅਤੇ ਪ੍ਰਬੰਧਕ ਨਿਰਦੇਸ਼ਕ ਪ੍ਰਿਯਾ ਨਾਇਰ ਨੇ ਕਿਹਾ, "ਸਤੰਬਰ ਤਿਮਾਹੀ ਅਤੇ ਜੂਨ ਤਿਮਾਹੀ ਦੇ ਵਿਚਕਾਰ, ਅਸੀਂ ਲਗਾਤਾਰ ਮਹਿਗਾਈ ਵੇਖ ਰਹੇ ਹਾਂ, ਜੋ 2 ਤੋਂ 5 ਪ੍ਰਤੀਸ਼ਤ ਦੇ ਵਿਚਕਾਰ ਹੋ ਸਕਦੀ ਹੈ। ਅਸੀਂ ਮਹਿਗਾਈ ਦੇ ਹਿਸਾਬ ਨਾਲ ਕੀਮਤਾਂ ਵਿਚ ਸੰਤੁਲਿਤ ਬਦਲਾਅ ਕਰਦੇ ਰਹਾਂਗੇ।" ਟਾਟਾ ਕੰਜ਼ਿਊਮਰ ਪ੍ਰੋਡਕਟਸ ਦੇ ਪ੍ਰਬੰਧਕ ਨਿਰਦੇਸ਼ਕ ਸੁਨੀਲ ਡੀਸੂਜ਼ਾ ਨੇ ਕਿਹਾ, "ਜੇਕਰ ਲੋੜ ਪਈ, ਤਾਂ ਅਸੀਂ ਅੱਗੇ ਵੀ ਕੀਮਤਾਂ ਵਿਚ ਬਦਲਾਅ ਕਰਾਂਗੇ ਕਿਉਂਕਿ ਲਾਗਤਾਂ ਕਾਫ਼ੀ ਅਸਥਿਰ ਰਹੀਆਂ ਹਨ।" ਨੈਸਲੇ ਇੰਡੀਆ ਅਨੁਸਾਰ ਪਛਮੀ ਏਸ਼ੀਆ ਦੇ ਤਣਾਅ ਅਤੇ ਮਾਨਸੂਨ ਦੇਰੀ ਐਲ ਨੀਨੋ ਦੇ ਪ੍ਰਭਾਵ ਉਤੇ ਨਜ਼ਰ ਰੰਖਣੀ ਜ਼ਰੂਰੀ ਹੋਵੇਗੀ। ਇਸੇ ਦੌਰਾਨ ਕੋਰਾਂਡਰੀ ਰੇਟਿੰਗ ਏਜੰਸੀ ਐਸ ਐਂਡ ਪੀ ਗਲੋਬਲ ਰੇਟਿੰਗਜ਼ ਨੇ ਸਾਲ ਦੌਰਾਨ ਇਸ ਤੋਂ ਪਹਿਲਾਂ ਦੇ ਭਾਰਤ, ਵੀਅਤਨਾਮ, ਇੰਡੋਨੇਸ਼ੀਆ ਅਤੇ ਫਿਲੀਪੀਨਜ਼ ਵਰਗੀਆਂ ਏਸ਼ੀਆ-ਪ੍ਰਸ਼ਾਂਤ ਖੇਤਰ ਦੀਆਂ ਆਰਥਕ ਤਾਕਤਾਂ ਵਿਚ ਕੀਮਤਾਂ ਵਿਚ ਵਾਧਾ ਵੇਖਿਆ ਜਾ ਰਿਹਾ ਹੈ। ਐਸ ਐਂਡ ਪੀ ਅਨੁਸਾਰ, 'ਅਲ ਨੀਨੋ' ਵਰਗੀਆਂ ਮੌਸਮੀ ਤਬਦੀਲੀਆਂ ਕਾਰਨ ਪੇਂਦਾ ਦੇਣ ਵਾਲੇ ਝਟਕਿਆਂ ਪ੍ਰਤੀ ਆਪਣ ਕਮਜ਼ਰਵ ਬੇਹੱਦ ਸੰਵੇਦਨਸ਼ੀਲ ਬਣੇ ਹੋਏ ਹਨ। ਏਜੰਸੀ ਦਾ ਕਹਿਣਾ ਹੈ ਕਿ ਘੱਟ ਮੀਂਹ ਕਾਰਨ ਖੇਤੀਬਾੜੀ ਉਤਪਾਦਨ ਘਟਣ, ਭੋਜਨ ਦੀ ਮਹਿੰਗਾਈ ਵਧਣ ਅਤੇ ਜਲਬਿਜਲੀ ਉਤਪਾਦਨ ਪ੍ਰਭਾਵਤ ਹੋਣ ਦਾ ਖਤਰਾ ਹੈ। ਹਾਲਾਂਕਿ, ਵੱਖ-ਵੱਖ ਦੇਸ਼ਾਂ ਵਲੋਂ ਕੀਤੇ ਗਏ ਨੀਤੀਗਤ ਸੁਧਾਰਾਂ ਨਾਲ ਇਸ ਪ੍ਰਭਾਵ ਨੂੰ ਕਾਫ਼ੀ ਹੱਦ ਤਕ ਕਬੂਲ ਕੀਤਾ ਜਾ ਸਕਦਾ ਹੈ। ਰੀਪੋਰਟ 'ਚ ਕਿਹਾ ਗਿਆ ਹੈ, "ਭਾਰਤ ਵਿਚ ਜੁਲਾਈ 2026 ਤਕ ਪ੍ਰਚਾਰਤ ਫਸਲਾਂ ਲਈ ਭੋਜਨ ਅਤੇ ਅਨਾਜ ਦਾ ਮਜ਼ਬੂਤ ਬਫਰ ਸਟਾਕ ਖ਼ੁਰਾਕ ਝਟਕਿਆਂ ਨੂੰ ਸੰਭਾਲਣ ਲਈ ਬੇਹੱਦ ਮਹੱਤਵਪੂਰਨ ਹੈ।

ਇਸ ਤੋਂ ਇਲਾਵਾ, ਪਸ਼ੂਧਨ ਫਸਲਾਂ ਦੇ ਨੁਕਸਾਨ ਨੂੰ ਘਟਾਉਣ ਲਈ ਕਿਸਾਨਾਂ ਨਾਲ ਜ਼ਿਲ੍ਹਾ ਪੱਧਰੀ ਤਾਲਮੇਲ ਮਜ਼ਬੂਤ ਕਰ ਕਿਹਾ ਹੈ। ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਨੇ ਵੀ ਚਿਤਾਵਨੀ ਦਿਤੀ ਸੀ ਕਿ ਅਲ ਨੀਨੋ ਦੀਆਂ ਸਥਿਤੀਆਂ ਵਿਚਕਾਰ ਅਸਮਾਨ ਮਾਨਸੂਨ ਖੇਤੀਬਾੜੀ ਖੇਤਰ ਅਤੇ ਗ੍ਰਾਮੀਣ ਮੰਗ ਲਈ ਖਤਰਾ ਬਣ ਸਕਦਾ ਹੈ। ਆਰ.ਬੀ.ਆਈ. ਨੇ ਕਿਹਾ, "ਅੱਗੇ ਚੱਲ ਕੇ, ਅਲ ਨੀਨੋ ਦਾ ਮੀਂਹ ਦੀ ਵੰਡ ਉਤੇ ਪ੍ਰਭਾਵ ਇਕ ਜੋਖਮ ਬਣਿਆ ਹੋਇਆ ਹੈ, ਹਾਲਾਂਕਿ ਸਰਕਾਰ ਦੇ ਸਰਗਰਮ ਪ੍ਰਬੰਧਨ ਅਤੇ ਭੋਜਨ ਅਨਾਜ ਦੇ ਢੁਕਵੇਂ ਸਟਾਕ ਨਾਲ ਸਥਿਤੀ ਨੂੰ ਸੰਭਾਲਿਆ ਜਾ ਸਕਦਾ ਹੈ।" (ਪੀ.ਟੀ.ਆਈ.)

ਨੀਟ ਪ੍ਰਦਰਸ਼ਨਾਂ ਦੌਰਾਨ 'ਜ਼ੈਡ ਜ਼ੀ' ਨੂੰ ਗੁੰਮਰਾਹ ਕਰਨ ਦੀਆਂ ਕੋਸ਼ਿਸ਼ਾਂ ਤੋਂ ਬਾਅਦ ਦਿਤਾ ਅਸਤੀਫ਼ਾ

ਹੁੰਦੇ ਹਨ। ਇਹ ਨੌਜੁਆਨ ਲੋਕ ਤਾਂ 'ਵਿਸ਼ਵ ਗੁਰੂ' ਬਣਾਉਣ ਦੀਆਂ ਆਸਾਂ ਰਖਦੇ ਹਨ। ਮੈਂ ਲਈ ਮੋਦਰੀ ਦਾ ਅਹੁਦਾ ਮਹੱਤਵਪੂਰਨ ਨਹੀਂ ਸੀ।" ਉਨ੍ਹਾਂ ਦਸਿਆ ਕਿ ਇਸੇ ਕਾਰਨ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿਦਰ ਮੋਦੀ ਨਾਲ ਮੁਲਾਕਾਤ ਕਰ ਕੇ ਅਪਣਾ ਅਸਤੀਫ਼ੇ ਦੀ ਪੇਸ਼ਕਸ਼ ਕੀਤੀ ਸੀ। ਦੂਜੇ ਪਾਸੇ, ਰੋਰਾਘੋਲ ਵਿਚ ਇਕ ਹੋਰ ਪ੍ਰੋਗਰਾਮ ਦੌਰਾਨ ਉਨ੍ਹਾਂ ਨੇ ਓਡੀਸ਼ਾ ਦੇ ਸਾਬਕਾ ਮੁੱਖ ਮੰਤਰੀ ਨਵੀਨ ਪਟਨਾਇਕ ਉਤੇ ਨਿਸ਼ਾਨਾ ਵਿੰਨ੍ਹਿਆ। ਬੀ.ਜੇ.ਡੀ. ਵਰਕਰਾਂ ਦੇ ਵਿਰੋਧ ਪ੍ਰਦਰਸ਼ਨਾਂ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ, "ਮੈਂ ਇਕ ਕਿਸਾਨ ਦਾ ਪੁੱਤਰ ਹਾਂ। ਜੇਕਰ ਤੁਸੀਂ ਮੈਨੂੰ 'ਵਾਪਸ ਜਾਓ' ਵੀ ਕਰੋਗੇ, ਤਾਂ ਵੀ ਮੈਂ ਵਾਪਸ ਆਵਾਂਗਾ।" ਉਨ੍ਹਾਂ ਨੇ ਸਵਾਲ ਕੀਤਾ, "ਕੀ ਮੈਂ ਕਦੇ ਕੋਈ ਅਜਿਹਾ ਕੰਮ ਕੀਤਾ ਹੈ ਜਿਸ ਨਾਲ ਓਡੀਸ਼ਾ ਦੇ ਲੋਕਾਂ ਦਾ ਸਿਰ ਸ਼ਰਮ ਨਾਲ ਝੁਕੇ ?" ਇਸ ਦੌਰਾਨ, ਬੀ.ਜੇ.ਡੀ. ਲੋਕਾ ਰੋਹਿਤ ਪੁਜਾਰੀ ਨੇ ਪ੍ਰਧਾਨ ਦੇ ਬਿਆਨਾਂ ਉਤੇ ਪਲਟਵਾਰ ਕੀਤਾ। ਪੁਜਾਰੀ ਨੇ ਦਾਅਵਾ ਕੀਤਾ ਕਿ, "ਕਿਸੇ ਨੇ ਪ੍ਰਧਾਨ ਨੂੰ ਬਦਨਾਮ ਨਹੀਂ ਕੀਤਾ। ਉਨ੍ਹਾਂ ਦੀ ਅਪਣੀ ਸਰਕਾਰ ਅਤੇ ਨੀਤੀਆਂ ਨੇ ਹੀ ਉਨ੍ਹਾਂ ਨੂੰ ਬਦਨਾਮ ਕੀਤਾ ਹੈ, ਜਦੋਂ ਵਿਦਿਆਰਥੀਆਂ ਦੇ ਸ਼ਾਂਤਮਈ ਪ੍ਰਦਰਸ਼ਨ ਉਤੇ ਪੁਲਿਸ ਨੇ ਲਾਠੀਚਾਰਜ ਕੀਤਾ।" ਉਨ੍ਹਾਂ ਕਿਹਾ ਕਿ ਗਲਤ ਨੀਤੀਆਂ ਕਾਰਨ ਲੱਖਾਂ ਵਿਦਿਆਰਥੀ ਮਾਨਸਿਕ ਤਣਾਅ ਵਿਚ ਹਨ। (ਪੀ.ਟੀ.ਆਈ.)

ਭਗਦੜ ਮਾਮਲੇ ਨੇ ਭਗਤ ਰਵਿਦਾਸ ਝਟੀ ਅਧਿਮੰਨੇ ਕੇਂਦਰ ਦਾ ਨੀਹੂ ਪੱਥਰ ਰਖਿਆ

ਇਸਾਰਤ ਹੋਵੇਗੀ। ਇਹ ਕੇਂਦਰ ਬੱਚਿਆਂ, ਵਿਦਿਆਰਥੀਆਂ ਅਤੇ ਖੋਜਾਰਥੀਆਂ ਨੂੰ ਭਗਤ ਰਵਿਦਾਸ ਜੀ ਦੇ ਜੀਵਨ, ਬਾਣੀ, ਫ਼ਲਸਫ਼ੇ ਅਤੇ ਸਿਖਿਆਵਾਂ ਦਾ ਅਧਿਐਨ ਕਰਨ ਲਈ ਵਿਸ਼ੇਸ਼ ਸਥਾਨ ਪ੍ਰਦਾਨ ਕਰੇਗਾ ਅਤੇ ਅਜਿਹੀ ਖੋਜ ਨੂੰ ਉਤਸ਼ਾਹਤ ਕਰੇਗਾ ਜੋ ਉਨ੍ਹਾਂ ਦੇ ਵਿਸਾਨ ਨਾਲ ਸਬੰਧ ਰਖਦੀ ਹੈ। ਇਹ ਨੀਹੂ ਪੱਥਰ ਪੰਜਾਬ ਸਰਕਾਰ ਵਲੋਂ ਭਗਤ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਲ ਭਰ ਚਲਣ ਵਾਲੇ ਸਮਾਗਮਾਂ ਦੇ ਹਿੱਸੇ ਵਜੋਂ ਰਖਿਆ ਗਿਆ ਹੈ, ਜਿਸ ਲਈ 100 ਕਰੋੜ ਰੁਪਏ ਦਾ ਬਜਟ ਰਖਿਆ ਗਿਆ ਹੈ। ਇਨ੍ਹਾਂ ਸਮਾਗਮਾਂ ਦੇ ਤਹਿਤ 50 ਮੋਬਾਇਲ ਵੈਨਾਂ ਸਾਰੇ 23 ਜ਼ਿਲ੍ਹਿਆਂ ਦੇ 13,000 ਪਿੰਡਾਂ ਵਿਚ ਗੁਰੂ ਜੀ ਦੇ ਜੀਵਨ, ਫ਼ਲਸਫ਼ੇ ਅਤੇ ਸਿਖਿਆਵਾਂ 'ਤੇ ਡਾਕੂਮੈਂਟਰੀਆਂ ਦਿਖਾਉਣ ਲਈ ਜਾ ਰਹੀਆਂ ਹਨ ਤਾਂ ਜੋ ਉਨ੍ਹਾਂ ਦੇ ਬਰਾਬਰੀ, ਮਨੁੱਖਤਾ ਅਤੇ ਸਾਮਜਿਕ ਨਿਆਂ ਦੇ ਸਿਧਾਂਤ ਨੂੰ ਪੂਰੇ ਪੰਜਾਬ ਦੇ ਲੋਕਾਂ ਤਕ ਪਹੁੰਚਾਇਆ ਜਾ ਸਕੇ। ਇਸ ਮੌਕੇ ਮੁੱਖ ਮੰਤਰੀ ਦੇ ਨਾਲ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਅਮਨ ਅਰੋੜਾ, ਤਰੁਨਪ੍ਰੀਤ ਸਿੰਘ ਸੋਂਦ, ਮਹਿੰਦਰ ਭਗਤ, ਡਾ. ਰਵਜੋਤ, ਹਰਭਜਨ ਸਿੰਘ ਈ.ਟੀ.ਓ. ਅਤੇ ਲਾਲ ਚੰਦ ਕਟਾਰੂਚੱਕ, ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਵੇਰਕਾ, ਪੰਜਾਬ ਰਾਜ ਸਹਿਕਾਰੀ ਖੰਡੀਬਾੜੀ ਵਿਕਾਸ ਬੈਂਕ ਦੇ ਚੇਅਰਮ�ੈਨ ਪਵਨ ਕੁਮਾਰ ਟੀਨੂ, ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ, ਵਿਧਾਇਕ ਬਲਕਾਰ ਸਿੰਘ ਅਤੇ ਇਦਰਜੀਤ ਕੌਰ ਮਾਨ ਅਤੇ ਹੋਰ ਹਾਜ਼ਰ ਸਨ। ਇਸ ਕੇਂਦਰ ਨੂੰ ਗੁਰੂ ਜੀ ਦੀਆਂ ਸਿਖਿਆਵਾਂ ਦੇ ਅਧਿਐਨ ਅਤੇ ਪ੍ਰਚਾਰ-ਪ੍ਰਸਾਰ ਲਈ ਮਹਾਨ ਸੰਸਥਾ ਵਜੋਂ ਦੇਖਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਕੇਂਦਰ ਭਗਤ ਰਵਿਦਾਸ ਜੀ ਦੀ ਬਾਣੀ ਤੇ ਫ਼ਲਸਫ਼ੇ ਦੇ ਵਿਆਪਕ ਅਧਿਐਨ ਅਤੇ ਖੋਜ ਵਿਚ ਬਹੁਤ ਸਹਾਈ ਸਿੱਧ ਹੋਵੇਗਾ, ਇਸ ਨਾਲ ਹੀ ਗੁਰੂ ਜੀ ਦੀਆਂ ਸਿਖਿਆਵਾਂ ਨੂੰ ਦੁਨੀਆ ਦੇ ਕੋਨੇ-ਕੋਨੇ ਵਿਚ ਪਹੁੰਚਾਉਣ ਵਿਚ ਅਹਿਮ ਭੂਮਿਕਾ ਨਿਭਾਏਗਾ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਭਗਤ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਅੱਗੇ ਵਧਾਉਣ ਲਈ ਚਾਨਣ ਮੁਨਾਰੇ ਵਜੋਂ ਕੰਮ ਕਰੇਗਾ ਤਾਂ ਜੋ ਸਾਡੀਆਂ ਅਗਲੀਆਂ ਪੀੜ੍ਹੀਆਂ ਨੂੰ ਉਨ੍ਹਾਂ ਦੀ ਬਾਣੀ ਤੋਂ ਪ੍ਰੇਰਨਾ ਲੈ ਸਕਣ। ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਵਿਧਾਇਕ ਬਲਕਾਰ ਸਿੰਘ ਨੇ ਇਸ ਪਵਿੱਤਰ ਮੌਕੇ 'ਤੇ ਸਿਆਸੀ ਸ਼ੁਭਇਸ਼ੀਆਂ ਦਾ ਸਵਾਗਤ ਕੀਤਾ।

ਵਿਸ਼ਵਪੀਠ ਕਸ਼ਮੀਰੀ ਪੰਡਤਾਂ ਨੇ ਸਿਆਸੀ ਆਗੂਆਂ ਵਿਰੁਧ ਜ਼ਾਹਰ ਕੀਤਾ ਗੁੱਸਾ

ਤਿੰਨ ਸੰਸਦੀ ਹਲਕਿਆਂ ਵਿਚ ਕੁਲ 1,13,873 ਕਸ਼ਮੀਰੀ ਪ੍ਰਵਾਸੀ ਵੋਟਰ ਰਜਿਸਟਰਡ ਸਨ, ਜਿਨ੍ਹਾਂ ਵਿਚੋਂ 41% ਵੋਟਰ ਸਵਾ ਚੋਣਾਂ ਦੇ ਪ੍ਰਕਾਸ਼ਲੇ ਇਕ ਵੱਡਾ ਵਾਧਾ ਹੈ, ਜਦੋਂ ਰਜਿਸਟਰਡ ਪ੍ਰਵਾਸੀ ਵੋਟਰਾਂ ਦੀ ਗਿਣਤੀ ਲਗਭਗ 99,000 ਸੀ। 2014 ਦੀਆਂ ਲੋਕ ਸਭਾ ਚੋਣਾਂ ਵਿਚ ਇਹ ਅੰਕੜਾ ਲਗਭਗ 92,000 ਵੋਟਾਂ ਸੀ।ਸ਼ਿਲਨ ਕਸ਼ਮੀਰ ਦੇ ਚੇਅਰਮੌਨ ਟੀਟੂ ਗੰਜੂ ਨੇ ਡਾਈਚਰਾਂ ਦੀ ਸਿਆਸੀ ਬੇਦਖ਼ਲੀ ਤੇ ਚਿੰਤਾ ਪ੍ਰਗਟਾਉਂਦੇ ਹੋਏ ਕਿਹਾ, "ਕਸ਼ਮੀਰੀ ਪੰਡਿਤਾਂ ਨੂੰ ਸਿਆਸੀ ਅਨਾਥ ਬਣਾ ਦਿੱਤਾ ਗਿਆ ਹੈ ਸਕਦਾ ਹੈ, ਪਰ ਅਸੀਂ ਸਿਆਸੀ ਅਨਾਥ ਰਹਿਣ ਲਈ ਮਜ਼ਬੂਰ ਨਹੀਂ ਹਾਂ। ਅਸੀਂ ਕਸ਼ਮੀਰੀ ਸਭਿਆਤਾ ਦੀਆਂ ਯਾਦਾਂ ਦੇ ਅਮਲ ਵਾਰਿਸ ਹਾਂ।" ਉਨ੍ਹਾਂ ਜ਼ੋਰ ਦਿੱਤਾ ਕਿ "ਸਾਨੂੰ ਸਾਡੇ ਹੀ ਘਰਾਂ ਤੋਂ ਨਸਲਕੁਸ਼ੀ ਰਾਹੀਂ ਕੱਢਿਆ ਗਿਆ ਸੀ ਅਤੇ ਹੁਣ ਸਾਡੇ ਤਾਂਡੇ ਤੋਂ ਸਾਡਾ ਸਿਆਸੀ ਅਧਿਕਾਰ ਖੋਹ ਜਾ ਰਹੇ ਹਨ।" ਸਮਾਜਿਕ ਕਾਰਜਕਰਤਾ ਸੁਨੀਲ ਪੰਡਿਤਾ ਨੇ ਪ੍ਰਸ਼ਾਸਨਿਕ ਨਿਰਾਸ਼ਾ ਜ਼ਾਹਰ ਕਰਦਿਆਂ ਕਿਹਾ, "ਭਗਵਾਨ ਨਾਲ ਦਾ 'ਬਨਵਾਸ' 14 ਸਾਲਾਂ ਬਾਅਦ ਖ਼ਤਮ ਹੋ ਗਿਆ ਸੀ, ਪਰ ਅਸੀਂ ਪਿਛਲੇ 36 ਸਾਲਾਂ ਤੋਂ ਆਪਣੇ ਘਰਾਂ ਤੋਂ ਦੂਰ ਹਾਂ ਅਤੇ ਸਾਡੀਆਂ ਮੁਸੀਬਤਾਂ ਦਾ ਕੋਈ ਅੰਤ ਨਜ਼ਰ ਨਹੀਂ ਆ ਰਿਹਾ।" ਵਿਸਥਾਪਿਤ ਪੰਡਿਤਾਂ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਸਿਰਫ਼ ਵੋਟ ਬੈਂਕ ਵਜੋਂ ਦੇਖਣਾ ਬੰਦ